**ਦਫਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ -ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਮੱਗਰ ਸਿੱਖਿਆ ਅਭਿਆਨ (ਪੰਜਾਬ)**
**ਪੰਜਵੀਂ ਮੰਜ਼ਿਲ, ਈ.ਬਲਾਕ, ਸਿੱਖਿਆ ਭਵਨ, ਫੇਜ਼-8, ਸਅਸ ਨਗਰ, ਪੰਜਾਬ-160062**

**ਵੱਲ**

**ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ)**
**ਪੰਜਾਬ ।**

ਮੀਮੋ ਨੰ: **2023 / ਐਨ.ਐਸ.ਕਿਉ.ਐਫ (67584)/**333534 ਮਿਤੀ: 20/12/2023

**ਵਿਸ਼ਾ:-** **ਸਾਲ 2023-24 ਦੌਰਾਨ NSQF ਅਧੀਨ** 82 **ਲੈਬਜ਼ ਦਾ setup ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2.0 ਸਾਲ 2023-24 ਦੌਰਾਨ 74 ਸਕੂਲਾਂ ਵਿੱਚ NSQF ਦੇ 82 Lab ਸਥਾਪਤ ਕਰਨ ਲਈ ਆਪ ਦੇ ਜ਼ਿਲ੍ਹੇ ਨੂੰ ਗ੍ਰਾਂਟ ਰੀਲੀਜ਼ ਕੀਤੀ ਗਈ ਹੈ, ਜਿਸ ਸਬੰਧੀ ਜਾਣਕਾਰੀ ਨੱਥੀ **ਅਨੁਲੱਗ 'ੳ'** ਵਿੱਚ ਦਰਜ ਹੈ। ਜਿਹਨਾਂ 82 ਲੈਬਜ਼ ਵਿੱਚ ਇਹ ਗ੍ਰਾਂਟ ਭੇਜੀ ਗਈ ਹੈ, ਉਹਨਾਂ ਸਕੂਲਾਂ ਵਿੱਚ ਸੈਸ਼ਨ 2023-24 ਦੌਰਾਨ **ਐਗਰੀਕਲਚਰ, ਅਪੈਰਲ, ਆਟੋਮੋਟਿਵ, ਬੈਂਕਿੰਗ ਐਂਡ ਇੰਨਸੋਰੰਸ਼, ਬਿਊਟੀ ਐਂਡ ਵੈਲਨੈਸ, ਇਲੈਕਟ੍ਰੋਨਿਕ, ਫੂਡ ਪ੍ਰੋਸੈਸਿੰਗ, ਹੈਲਥਕੇਅਰ, ਆਈ.ਟੀ, ਪਲੰਬਰ, ਪਾਵਰ, ਰਿਟੇਲ, ਟੈਲੀਕਾਮ, ਟੂਰਿਜ਼ਮ ਐਂਡ ਹੋਸਪੀਟੈਲਟੀ ਅਤੇ ਸਰੀਰਕ ਸਿੱਖਿਆ** Trades ਚਲਾਈਆਂ ਜਾਣੀਆਂ ਹਨ। 82 ਲੈਬਜ਼ ਦੀ ਸੂਚੀ ਨਾਲ **ਨੱਥੀ ਹੈ (ਅਨੁਲੱਗ 'ਅ' )।**

3.0 ਭਾਰਤ ਸਰਕਾਰ ਵੱਲੋਂ ਪ੍ਰਵਾਨਿਤ ਸਕੂਲਾਂ ਵਿੱਚ ਉਕਤ ਟਰੇਡਾਂ ਦੇ ਪ੍ਰੈਕਟੀਕਲ ਲਈ Lab setup ਕਰਨ ਲਈ ਫੰਡਜ਼ ਮਨਜ਼ੂਰ ਕੀਤੇ ਗਏ ਹਨ। Tools & Equipments ਦੀ ਖਰੀਦ SMC ਵੱਲੋਂ ਕੀਤੀ ਜਾਣੀ ਹੈ। ਜਿਸ ਵਿੱਚ ਇੱਕ ਕਮੇਟੀ ਬਣਾ ਕੇ ਵਿੱਤੀ ਨਿਯਮਾਂ ਅਨੁਸਾਰ ਖਰਚਾ ਕੀਤਾ ਜਾਣਾ ਹੈ।

4.0 SMC ਪੱਧਰ ਤੇ 6 ਮੈਂਬਰੀ ਖਰੀਦ (Purchase) ਕਮੇਟੀ ਦਾ ਗਠਨ ਕੀਤਾ ਜਾਵੇ, ਜਿਸ ਵਿੱਚ ਸਕੂਲ ਮੁਖੀ, ਚੇਅਰਮੈਨ SMC, ਦੋ ਮੈਂਬਰ (1 Female member), ਸਬੰਧਤ ਵੋਕੇਸ਼ਨਲ ਟ੍ਰੇਨਰ ਅਤੇ ਇੱਕ ਹੋਰ ਸੀਨੀਅਰ ਅਧਿਆਪਕ ਮੈਂਬਰ ਹੋਣਗੇ।

5.0 ਇਹ ਕਮੇਟੀ ਸਮਾਨ ਦੀ ਖ਼ਰੀਦ ਲਈ Manual of Financial Management & Procurement (FMP) for Scheme of Samagra Shiksha ਦੇ Chapter No. **7** ਅਨੁਸਾਰ ਕਾਰਵਾਈ ਕਰਕੇ ਸਮਾਨ ਖਰੀਦੇਗੀ। ਇਸ ਚੈਪਟਰ ਦੀ ਕਾਪੀ **ਅਨੁਲੱਗ 'ੲ'** ਤੇ ਨਾਲ ਨੱਥੀ ਹੈ ਜੀ।

6.0 SMC ਵੱਲੋਂ ਬਣਾਈ ਗਈ ਖਰੀਦ ਕਮੇਟੀ ਵੱਲੋਂ ਸਮਾਨ ਦੀ ਖਰੀਦ ਉਕਤ ਵਿੱਤੀ ਨਿਯਮਾਂ ਅਨੁਸਾਰ ਹੀ ਕੀਤੀ ਜਾਵੇ ਅਤੇ ਕੀਤੀ ਗਈ ਕਾਰਵਾਈ ਤੋਂ ਸਬੰਧਤ DEO (SE) ਨੂੰ ਵੀ ਸੂਚਿਤ ਕੀਤਾ ਜਾਵੇ। ਇਹ ਸਮਾਨ specifications ਅਨੁਸਾਰ ਹੀ ਖਰੀਦਿਆ ਜਾਵੇ। ਮੁੱਖ ਦਫਤਰ ਵੱਲੋਂ ਵੋਕੇਸ਼ਨਲ ਟ੍ਰੇਨਰਾਂ ਅਤੇ ਵੋਕੇਸ਼ਨਲ ਅਧਿਆਪਕਾਂ ਦੀ ਗਠਿਤ ਕਮੇਟੀ ਵੱਲੋਂ **PSSCIVE Bhopal** ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤਿਆਰ ਕੀਤੀ ਗਈ ਸਮਾਨ ਦੀਆਂ specifications ਦੀ **Tradewise 15** ਟ੍ਰੇਡਾਂ ਦੀ ਸੂਚੀ **ਅਨੁਲੱਗ 'ਸ'** ਤੇ ਨਾਲ ਨੱਥੀ ਹੈ। **IT/ITeS Trade** ਦੀ ਸੂਚੀ **ਅਨੁਲੱਗ ਹ** ਤੇ ਨੱਥੀ ਹੈ। ਇਸ ਦੇ ਨਾਲ ਹੀ **Common Items** ਦੀਆਂ ਤਿੰਨ ਵੱਖ-ਵੱਖ ਸੂਚੀਆਂ **ਅਨੁਲੱਗ ਕ, ਖ ਅਤੇ ਗ** ਤੇ ਨੱਥੀ ਹਨ।

7.0 ਉਕਤ ਸਮਾਨ ਸਹੀ ਰੇਟ ਤੇ ਅਤੇ ਵਧੀਆ quality ਦਾ ਖਰੀਦਿਆ ਜਾਵੇ ਅਤੇ ਖਰੀਦ ਕੀਤੇ ਜਾ ਰਹੇ ਸਮਾਨ/ਫਰਨੀਚਰ, ਆਦਿ ਦੀ specifications ਅਨੁਸਾਰ ਪਹਿਲਾਂ sample checking ਕੀਤੀ ਜਾਵੇ ਅਤੇ ਇਸ ਤੋਂ ਬਾਅਦ ਹੀ specifications ਅਨੁਸਾਰ ਸਮਾਨ ਦੀ ਖਰੀਦ ਕੀਤੀ ਜਾਵੇ।

8.0 ਖਰੀਦੇ ਗਏ ਸਮਾਨ ਦੀ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵੱਲੋਂ ਚੈਕਿੰਗ ਕਰਵਾਈ ਜਾਵੇਗੀ ਅਤੇ ਮੁੱਖ ਦਫਤਰ ਦੇ ਕਿਸੇ ਵੀ ਅਧਿਆਕਾਰੀ ਵੱਲੋਂ ਇਸ ਸਮਾਨ ਦੀ ਚੈਕਿੰਗ ਕੀਤੀ ਜਾ ਸਕਦੀ ਹੈ। ਘਟੀਆ ਮਿਆਰ ਦਾ ਸਮਾਨ ਖਰੀਦੇ ਜਾਣ ਤੇ ਜਾਂ specifications ਅਨੁਸਾਰ ਸਮਾਨ ਨਾ ਖਰੀਦੇ ਜਾਣ ਤੇ ਸਬੰਧਤ ਸਕੂਲ ਮੁੱਖੀ ਦੇ ਖਿਲਾਫ ਵਿਭਾਗੀ ਨਿਯਮਾਂ ਅਨੁਸਾਰ ਅਨੁਸ਼ਾਨੀ ਕਾਰਵਾਈ ਕੀਤੀ ਜਾ ਸਕਦੀ ਹੈ।

9.0 ਸਾਰਾ ਸਮਾਨ ਸਕੂਲ ਪੱਧਰ ਤੇ ਬਣੀ SMC ਵੱਲੋਂ ਹੀ ਖਰੀਦਿਆ ਜਾਵੇ ਅਤੇ ਨਿਯਮਾਂ ਦਾ ਪੂਰਾ ਧਿਆਨ ਰੱਖਿਆ ਜਾਵੇ। ਸਮਾਨ ਦੀ ਖਰੀਦ ਵਿੱਚ quailty ਨਾਲ ਸਮਝੌਤਾ ਨਾ ਕੀਤਾ ਜਾਵੇ ਅਤੇ ਉੱਚ ਮਿਆਰ ਵਾਲੀਆਂ ਆਈਟਮਾਂ ਹੀ ਖਰੀਦੀਆਂ ਜਾਣ ਅਤੇ ਵਰੰਟੀ/ਗਰੰਟੀ ਵੀ ਲਈ ਜਾਵੇ।

10.0 ਇਸ ਸਮਾਨ ਨਾਲ ਲੈਬ ਸੈਟ-ਅੱਪ ਕਰਨ ਲਈ ਸਕੂਲ ਵਿੱਚ ਮੌਜੂਦ ਕਿਸੇ ਇੱਕ ਕਮਰੇ ਨੂੰ ਵੋਕੇਸ਼ਨਲ ਲੈਬ ਦੇ ਤੌਰ ਤੇ ਸਥਾਪਿਤ ਕੀਤਾ ਜਾਵੇ ਅਤੇ ਕਮਰੇ ਦੇ ਬਾਹਰ ਵੋਕੇਸ਼ਲਨ ਲੈਬ (NSQF) ਲਿਖਿਆ ਜਾਵੇ।

11.0 ਜਿਹਨਾਂ 15 ਟਰੇਡਾਂ ਦੇ ਸਮਾਨ ਦੀ ਖਰੀਦ ਕੀਤੀ ਜਾਣੀ ਹੈ ਉਹਨਾਂ ਦੀ Trades wise Unit Cost ਹੇਠ ਦਿੱਤੇ ਟੇਬਲ ਅਨੁਸਾਰ ਹੈ :-

| **S. No** | **Trade** | **No. of Labs** | **Unit Cost** |
|---|---|---|---|
| 1 | Agriculture | 2 | 1.60 |
| 2 | Apparel | 4 | 1.60 |
| 3 | Automotive | 3 | 1.60 |
| 4 | Banking Financial Service and Insurance | 6 | 1.20 |
| 5 | Beauty & Wellness | 4 | 1.60 |
| 6 | Electronics | 4 | 1.40 |
| 7 | Food Processing | 10 | 1.30 |
| 8 | Healthcare | 8 | 2.20 |
| 9 | IT/Ites | 13 | 2.20 |
| 10 | Physical Education | 5 | 1.20 |
| 11 | Plumbing | 5 | 1.20 |
| 12 | Power | 3 | 1.60 |
| 13 | Retail | 7 | 1.60 |
| 14 | Telecom | 5 | 2.00 |
| 15 | Tourism & Hospitality | 3 | 1.60 |
| | **Grand Total** | **82** | |

ਉਪਰੋਕਤ ਤੋਂ ਇਲਾਵਾ, **Common Items** ਦੀ ਖਰੀਦ ਸਬੰਧੀ **Unit Cost** ਹੇਠ ਦਿੱਤੇ ਟੇਬਲ ਅਨੁਸਾਰ ਆਪ ਨੂੰ ਭੇਜੀ ਜਾ ਰਹੀ ਹੈ:-

| S.No. | Head | **Amount (in Rs.)** |
|---|---|---|
| 1. | Schools with 2 Labs (2 Trades) | 80,000/- |
| 2. | Schools with single Lab (Single IT Trade) | 14,000/- |
| **3.** | Schools with single Lab (single non-IT Trade) | 66,000/- |

12.0 **ਅਨੁਲੱਗ 'ਹ'** ਤੇ ਦਰਜ ਆਈ.ਟੀ. ਟਰੇਡ ਵਾਲੇ ਸਕੂਲਾਂ ਦੇ ਸਮਾਨ ਅਤੇ Common Items ਵੱਜੋਂ ਖਰੀਦੇ ਜਾਣ ਵਾਲੇ ਸਮਾਨ ਵਿੱਚ ਜਿਹਨਾਂ ਸਕੂਲਾਂ ਵੱਲੋਂ ਕੰਪਿਊਟਰਾਂ ਦੀ ਖਰੀਦ ਕੀਤੀ ਜਾਣੀ ਹੈ, ਉਸ ਦੀ **3 ਸਾਲ ਦੀ ਵਰੰਟੀ** ਨਾਲ ਖਰੀਦ ਕਰਨੀ ਯਕੀਨੀ ਬਣਾਈ ਜਾਵੇ।

13.0 ਇਸ ਦੇ ਨਾਲ ਹੀ ਉਹ ਸਾਰੇ ਸਕੂਲ ਜਿੱਥੇ ਦੋ-ਦੋ ਲੈਬਜ਼ ਖੋਲ੍ਹੇ ਜਾਣੇ ਹਨ, ਉਹਨਾਂ ਵੱਲੋਂ Common Items ਦੀ ਖਰੀਦ **ਅਨੁਲੱਗ 'ਕ'** ਅਨੁਸਾਰ ਕੀਤੀ ਜਾਵੇ। ਜਿਹਨਾਂ ਸਕੂਲਾਂ ਵਿੱਚ ਕੇਵਲ ਇੱਕ NSQF Lab ਖੋਲ੍ਹੀ ਜਾਣੀ ਹੈ, ਉਹਨਾਂ ਵਿੱਚ ਜਿੱਥੇ **IT/ITeS Trade** ਚਲਾਈ ਜਾਣੀ ਹੈ, ਉਹਨਾਂ ਵੱਲੋਂ Common Items ਦੀ ਖਰੀਦ **ਅਨੁਲੱਗ ਖ** ਅਨੁਸਾਰ ਕੀਤੀ ਜਾਵੇ । ਅਤੇ Non IT ਟਰੇਡ ਵਾਲੇ ਸਾਰੇ ਸਿੰਗਲ ਟਰੇਡ ਵਾਲੇ ਸਕੂਲਾਂ ਲਈ Common Items ਦੀ ਖਰੀਦ **ਅਨੁਲੱਗ ਗ** ਅਨੁਸਾਰ ਕੀਤੀ ਜਾਵੇ। **ਕਿਰਪਾ ਕਰਕੇ ਆਪਣੀ ਟਰੇਡ ਨੂੰ ਧਿਆਨ ਵਿੱਚ ਰੱਖਦੇ ਹੋਏ ਬੜੇ ਹੀ ਧਿਆਨ ਨਾਲ** Common Items ਦੀ **ਖਰੀਦ ਕੀਤੀ ਜਾਵੇ** ।

14.0 ਖਰੀਦੇ ਗਏ ਸਮਾਨ ਦਾ ਇੰਦਰਾਜ਼ ਸਕੂਲ ਦੇ ਸਟਾਕ ਰਿਜਸਟਰ ਵਿੱਚ ਦਰਜ ਕੀਤਾ ਜਾਵੇ ।

15.0 ਜੇਕਰ ਕੋਈ ਫਰਮ ਬਿਨਾਂ GST ਨੰਬਰ ਦੇ ਜਾਂ ਬਿਨਾਂ ਕਿਸੇ ਨਾਮ ਅਤੇ ਪੱਕੇ ਪਤੇ (Premanent address) ਦੇ ਸਮਾਨ ਸਪਲਾਈ ਕਰਦੀ ਹੈ ਤਾਂ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਉਸ ਫਰਮ ਨੂੰ ਬਲੈਕ ਲਿਸਟ ਕਰਨ ਲਈ ਤੁਰੰਤ ਕਾਰਵਾਈ ਕੀਤੀ ਜਾਵੇ।

16.0 ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ **ਅਨੁਲੱਗ 'ੳ' ਅਤੇ 'ਅ'** ਅਨੁਸਾਰ ਜਾਰੀ ਕੀਤੀ ਗਈ ਰਾਸ਼ੀ ਜ਼ਿਲ੍ਹਾ/ਸਕੂਲ ਵਿਖੇ ਪ੍ਰਾਪਤ ਹੋਣ ਤੋਂ ਇੱਕ ਮਹੀਨੇ ਦੇ ਅੰਦਰ ਹਰ ਹਾਲ ਵਿੱਚ ਲੈਬ ਸੈਟ-ਅੱਪ ਕਰ ਲਈ ਜਾਵੇ। ਇਸ ਦਾ ਵਰਤੋਂ ਸਰਟੀਫਿਕੇਟ ਗ੍ਰਾਂਟ ਖਰਚ ਕਰਨ ਉਪਰੰਤ ਹਰ ਹਾਲਤ ਵਿੱਚ ਮੁੱਖ ਦਫਤਰ ਵਿਖੇ ਮਿਤੀ 31-01-2024 ਤੱਕ ਜਮ੍ਹਾ ਕਰਵਾਇਆ ਜਾਵੇ। ਕਿਸੇ ਵੀ ਕਿਸਮ ਦੀ ਉਣਤਾਈ ਸਾਹਮਣੇ ਆਉਣ ਦੀ ਸੂਰਤ ਵਿੱਚ ਸਬੰਧਤ ਸਕੂਲ ਮੁੱਖੀ ਅਤੇ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨਿੱਜੀ ਤੌਰ ਤੇ ਜ਼ਿੰਮੇਵਾਰ ਹੋਣਗੇ। ਜੇਕਰ ਆਪ ਦੇ ਜ਼ਿਲ੍ਹੇ ਨੂੰ ਉਕਤ ਦਰਸ਼ਾਏ ਅਨੁਸਾਰ ਰਾਸ਼ੀ ਪ੍ਰਾਪਤ ਨਹੀ ਹੁੰਦੀ ਹੈ ਤਾਂ ਪੱਤਰ ਜਾਰੀ ਹੋਣ ਤੋਂ 2 ਦਿਨਾਂ ਦੇ ਅੰਦਰ ਮੁੱਖ ਦਫਤਰ ਨੂੰ ਸੂਚਿਤ ਕੀਤਾ ਜਾਵੇ ਅਤੇ ਫੋਨ ਤੇ ਰਾਬਤਾ ਕਾਇਮ ਕੀਤਾ ਜਾਵੇ।

17.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜ਼ਿਲ੍ਹਾ ਪੱਧਰ ਤੇ ਇਹਨਾਂ 82 ਲੈਬਜ਼ ਵਿੱਚ ਲੈਬ ਸੈਟ-ਅੱਪ ਦੀ ਮੋਨੀਟਰਿੰਗ ਕੀਤੀ ਜਾਵੇ। ਸਬੰਧਤ ਜ਼ਿਲ੍ਹੇ ਦੇ ਅਧਿਕਾਰੀਆਂ ਵੱਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਵਿਭਾਗ ਵੱਲੋਂ ਸਮਾਨ ਦੀ ਖਰੀਦ ਬਾਰੇ ਜੋ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਕੇਵਲ ਉਹਨਾਂ ਅਨੁਸਾਰ ਹੀ ਸਮਾਨ ਦੀ ਖਰੀਦ ਕੀਤੀ ਜਾਵੇ। ਜੇਕਰ ਕੋਈ ਉਣਤਾਈ ਪਾਈ ਜਾਂਦੀ ਹੈ ਤਾਂ ਇਸ ਨੂੰ ਤੁਰੰਤ ਉੱਚ ਅਧਿਕਾਰੀਆਂ ਦੇ ਨੋਟਿਸ ਵਿੱਚ ਲਿਆਂਦਾ ਜਾਵੇ।

18.0 **NSDC** ਦੀਆਂ ਹਦਾਇਤਾਂ ਅਨੁਸਾਰ ਜਿਸ ਸਕੂਲ ਵਿੱਚ ਲੈਬ ਸੈਟ-ਅਪ ਨਹੀਂ ਹੋਵੇਗੀ, ਉਸ ਸਕੂਲ ਦੇ **NSQF** ਦੇ ਵਿਦਿਆਰਥੀਆਂ ਦੀ **SSC** ਵੱਲੋਂ ਪ੍ਰੈਕਟੀਕਲ assessment ਨਹੀਂ ਕੀਤੀ ਜਾਵੇਗੀ। ਅਜਿਹੀ ਸਥਿਤੀ ਵਿੱਚ ਨਿਰੋਲ ਜ਼ਿੰਮੇਵਾਰੀ ਸਬੰਧਤ ਸਕੂਲ ਮੁੱਖੀ ਅਤੇ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਦੀ ਹੋਵੇਗੀ।

19.0 ਉਪਰੋਕਤ ਅਨੁਸਾਰ ਜਾਰੀ ਕੀਤੇ ਗਏ ਫੰਡਜ਼ ਦੀ ਆਨਲਾਈਨ monitoring ਲਈ ਖਰਚਾ Prabandh Portal ਤੇ ਸਮੇਂ ਸਿਰ ਅੱਪਡੇਟ ਕਰਨਾ ਯਕੀਨੀ ਬਣਾਇਆ ਜਾਵੇ।

20.0 ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

28/12/23

**ਸਹਾਇਕ ਡਾਇਰੈਕਟਰ (ਵੋਕੇਸ਼ਨਲ)**
**ਸਮਗਰ ਸਿੱਖਿਆ ਅਭਿਆਨ, ਪੰਜਾਬ।**

**ਨੱਥੀ:-**

1. District wise allocation of funds with calculation. (ਅਨੁਲੱਗ 'ੳ')
2. List of **82** labs with allocated Trade and allocated amount (ਅਨੁਲੱਗ 'ਅ')

3. Copy of Manual of Financial Management & Procurement (FMP) for Scheme of Samagra Shiksha. (ਅਨੁਲੱਗ 'ੲ')

4. Trade wise Specifications of Tools & Equipment List of items for **15** trades. (ਅਨੁਲੱਗ 'ਸ')

5. Specifications of Tools & Equipment List of Items for IT Trade **(ਅਨੁਲੱਗ 'ਹ')**

6. Three separate lists of Common Items (ਅਨੁਲੱਗ ਕ,ਖ,ਗ)